ਮਨੁੱਖੀ ਹਿੱਤਾਂ ਦੀ ਪਹਿਰੇਦਾਰੀ ਕਰਨ ਤੇ ਸਮਾਜ ਸੇਵੀ ਲੂੰਬਾ ਦਾ ਸੰਸਥਾਵਾਂ ਵੱਲੋਂ ਸਨਮਾਨ

ਮੈਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਜਿਲ੍ਹਾ ਰੂਰਲ ਐਨ.ਜੀ.ਓ. ਮੋਗਾ ਪਰਿਵਾਰ ਤੇ ਮਾਣ ਹੈ -ਲੂੰਬਾ

ਮੋਗਾ/ 10 ਅਪ੍ਰੈਲ 2021/ ਮਵਦੀਲਾ ਬਿਓਰੇ

ਥਾਣਾ ਸਿਟੀ ਮੋਗਾ-1 ਵਿੱਚ ਵਿਚਾਰ ਅਧੀਨ ਕੈਦੀਆਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਤਸੱਦਦ ਦੀ ਵੀਡਿਓ ਵਾਇਰਲ ਕਰਕੇ ਮਨੁੱਖੀ ਹਿੱਤਾਂ ਦਾ ਘਾਣ ਕਰਨ ਵਾਲੇ ਏ.ਐਸ.ਆਈ. ਅਮਰਜੀਤ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰਵਾਉਣ ਅਤੇ ਥਾਣਾ ਮੁਖੀ ਅਤੇ ਮੁੱਖ ਮੁਨਸ਼ੀ ਨੂੰ ਲਾਈਨ ਹਾਜਰ ਕਰਵਾਉਣ ਵਾਲੇ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਦਾ ਅੱਜ ਉਹਨਾਂ ਦੀਆਂ ਪਿੱਤਰੀ ਸੰਸਥਾਵਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਮੋਗਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸਰਬੱਤ ਦਾ ਭਲਾ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਨੂੰ ਮਾਣ ਹੈ ਕਿ ਮਹਿੰਦਰ ਪਾਲ ਲੂੰਬਾ ਸਾਡੀ ਸੰਸਥਾ ਦਾ ਆਗੂ ਹੈ, ਜਿਸ ਵੱਲੋਂ ਆਪਣੀ ਨੌਕਰੀ ਅਤੇ ਜਾਨ ਨੂੰ ਖਤਰੇ ਵਿੱਚ ਪਾ ਕੇ ਪੰਜਾਬ ਦੇ ਥਾਣਿਆਂ ਅੰਦਰ ਹੋ ਰਹੇ ਮਨੁੱਖੀ ਹਿੱਤਾਂ ਦੇ ਘਾਣ ਦੀਆਂ ਤਸਵੀਰਾਂ ਪੂਰੀ ਦੁਨੀਆਂ ਸਾਹਮਣੇ ਲਿਆਂਦੀਆਂ ਹਨ, ਜਿਸ ਦੇ ਆਧਾਰ ਤੇ ਮਾਨਯੋਗ ਹਾਈਕੋਰਟ ਦੇ ਵਕੀਲ ਐਚ.ਸੀ. ਅਰੋੜਾ ਵੱਲੋਂ ਡੀ.ਜੀ.ਪੀ. ਪੰਜਾਬ ਅਤੇ ਪ੍ਰਿੰਸੀਪਲ ਸਕੱਤਰ ਪੰਜਾਬ ਨੂੰ ਨੋਟਿਸ ਦਿੱਤਾ ਗਿਆ ਸੀ, ਜਿਸਤੇ ਸਖਤ ਕਾਰਵਾਈ ਕਰਦਿਆਂ ਐਸ.ਐਸ.ਪੀ. ਮੋਗਾ ਵੱਲੋਂ ਦੋਸ਼ੀ ਕਰਮਚਾਰੀਆਂ ਨੂੰ ਸਜਾਵਾਂ ਦਿੱਤੀਆ ਗਈਆਂ ਹਨ। ਉਹਨਾਂ ਕਿਹਾ ਕਿ ਇਸ ਨਾਲ ਆਮ ਅਤੇ ਗਰੀਬ ਲੋਕਾਂ ਤੇ ਥਾਣਿਆਂ ਅੰਦਰ ਹੋ ਰਹੇ ਬੇਵਜ੍ਹਾ ਤਸ਼ੱਦਦ ਨੂੰ ਠੱਲ੍ਹ ਪਵੇਗੀ।

ਸਨਮਾਨ ਮਿਲਣ ਉਪਰੰਤ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਆਪਣੀਆਂ ਪਿੱਤਰੀ ਸੰਸਥਾਵਾਂ ਵੱਲੋਂ ਮਿਲਿਆ ਇਹ ਸਨਮਾਨ ਮੇਰੇ ਲਈ ਬੇਹੱਦ ਅਹਿਮ ਹੈ, ਜੋ ਮੈਨੂੰ ਸਮਾਜ ਵਿਰੋਧੀ ਤੱਤਾਂ ਖਿਲਾਫ ਆਵਾਜ਼ ਬੁਲੰਦ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ। ਉਹਨਾਂ ਕਿਹਾ ਕਿ ਮੈਂ ਭਵਿੱਖ ਵਿੱਚ ਵੀ ਆਪਣੇ ਸਮਾਜ ਪ੍ਰਤੀ ਫਰਜਾਂ ਨੂੰ ਨਿਭਾਉਣ ਤੋਂ ਪਿੱਛੇ ਨਹੀਂ ਹਟਾਂਗਾ ਬਲਕਿ ਹੋਰ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਭ੍ਰਿਸ਼ਟ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਸਮਾਜ ਵਿਰੋਧੀ ਤੱਤਾਂ ਖਿਲਾਫ ਇੱਕ ਮੁਹਿੰਮ ਵਿੱਢੀ ਜਾਵੇਗੀ ਤੇ ਉਹਨਾਂ ਬਣਦੀ ਸਜਾ ਦਿਵਾਉਣ ਲਈ ਕਨੂੰਨੀ ਚਾਰਾਜੋਈ ਕੀਤੀ ਜਾਵੇਗੀ।

ਇਸ ਮੌਕੇ ਉਕਤ ਤੋਂ ਇਲਾਵਾ ਟਰੱਸਟ ਦੇ ਜਨਰਲ ਸਕੱਤਰ ਰਣਜੀਤ ਸਿੰਘ ਧਾਲੀਵਾਲ, ਸਿਟੀ ਐਨ.ਜੀ.ਓ. ਪ੍ਰਧਾਨ ਸੁਖਦੇਵ ਸਿੰਘ ਬਰਾੜ, ਟਰੱਸਟੀ ਦਰਸ਼ਨ ਸਿੰਘ ਲੋਪੋ, ਇਕਬਾਲ ਸਿੰਘ ਖੋਸਾ, ਨਰਜੀਤ ਕੌਰ, ਭਵਨਦੀਪ ਸਿੰਘ ਪੁਰਬਾ, ਚਮਕੌਰ ਸਿੰਘ ਬਰਾੜ, ਪਾਰਸ ਅਰੋੜਾ, ਜਸਵਿੰਦਰ ਸਿੰਘ ਬਾਜੇਕੇ, ਮਨਮੋਹਨ ਸਿੰਘ ਚੀਮਾ, ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਜਸਵੰਤ ਸਿੰਘ ਪੁਰਾਣੇਵਾਲਾ, ਮੈਡਮ ਸੁਖਵਿੰਦਰ ਕੌਰ ਝੰਡੇਆਣਾ, ਜਸਵੀਰ ਕੌਰ ਅਤੇ ਸੁਖਦੀਪ ਕੌਰ ਆਦਿ ਹਾਜਰ ਸਨ।

ਬਾਬਾ ਨੰਦ ਸਿੰਘ ਜੀ ਦੀ 21ਵੀਂ ਬਰਸੀ ਨੂੰ ਸਮਰਪਿਤ ਪਿੰਡ ਲੁਹਾਰਾ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ

ਮੋਗਾ/ 09 ਅਪ੍ਰੈਲ 2021/ ਮਵਦੀਲਾ ਬਿਓਰੇ

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਰਾਹੀਂ ਸਾਨੂੰ ਜੋ ਜੀਵਨ ਜਾਚ ਸਿਖਾਈ ਹੈ, ਉਸ ਜੀਵਨ ਜਾਚ ਦੇ ਮਾਰਗ ਤੇ ਚੱਲਣ ਲਈ ਮਨੁੱਖ ਅੰਦਰ ਸਭ ਤੋਂ ਪਹਿਲਾਂ ਲੋੜਵੰਦਾਂ ਲਈ ਆਪਣੀ ਧਨ ਦੌਲਤ, ਸਮੇਂ ਅਤੇ ਸੁੱਖ ਸਾਧਨਾਂ ਦਾ ਤਿਆਗ ਕਰਨ ਦੀ ਭਾਵਨਾ ਸਿੱਖਣੀ ਬੜੀ ਜਰੂਰੀ ਹੈ ਤੇ ਖੂਨਦਾਨ ਨੂੰ ਸਭ ਤੋਂ ਉਤਮ ਦਾਨ ਇਸੇ ਲਈ ਮੰਨਿਆ ਜਾਂਦਾ ਹੈ ਕਿਉਂਕਿ ਇਸ ਨਾਲ ਮਨੁੱਖ ਅੰਦਰ ਆਪਣੇ ਸਰੀਰ ਦਾ ਇੱਕ ਅੰਗ ਦਾਨ ਕਰਕੇ ਹੋਰਨਾਂ ਦੀ ਲੋੜ ਨੂੰ ਪੂਰਾ ਕਰਕੇ ਮਨੁੱਖ ਨੂੰ ਜੋ ਮਾਨਸਿਕ ਤਸੱਲੀ ਦਾ ਅਹਿਸਾਸ ਹੁੰਦਾ ਹੈ, ਉਹ ਸਭ ਤੋਂ ਉਤਮ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਵਾ ਬਾਬਾ ਜਸਵੀਰ ਸਿੰਘ ਜੀ ਨੇ ਗੁਰਦੁਆਰਾ ਬਾਬਾ ਨੰਦ ਸਿੰਘ ਪਿੰਡ ਲੁਹਾਰਾ ਵਿਖੇ ਉਹਨਾਂ ਦੀ 21ਵੀਂ ਬਰਸੀ ਮੌਕੇ ਰੂਰਲ ਐਨ.ਜੀ.ਓ. ਮੋਗਾ ਦੇ ਸਹਿਯੋਗ ਨਾਲ ਲਗਾਏ ਗਏ ਖੂਨਦਾਨ ਕੈਂਪ ਦੇ ਉਦਘਾਟਨ ਮੌਕੇ ਕੀਤਾ। ਖੂਨਦਾਨ ਕੈਂਪ ਦਾ ਉਦਘਾਟਨ ਬਾਬਾ ਮਲਕੀਤ ਦਾਸ ਜੀ ਗਊਸ਼ਾਲਾ ਬੀੜ ਸਿੱਖਾਂਵਾਲਾ ਵੱਲੋਂ ਕੀਤਾ ਗਿਆ।

ਇਸ ਮੌਕੇ ਰੂਰਲ ਐਨ.ਜੀ.ਓ. ਮੋਗਾ ਦੇ ਚੇਅਰਮੈਨ ਮਹਿੰਦਰ ਪਾਲ ਲੂੰਬਾ ਨੇ ਬਾਬਾ ਜੀ ਨੂੰ ਉਹਨਾਂ ਦੀ 21ਵੀਂ ਬਰਸੀ ਮੌਕੇ ਸ਼ਰਧਾਂਜ਼ਲੀ ਭੇਂਟ ਕਰਕੇ ਨੌਜਵਾਨਾਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਖੂਨਦਾਨ ਕਰਨ ਨਾਲ ਸਰੀਰ ਵਿੱਚ ਕੋਈ ਕਮਜੋਰੀ ਨਹੀਂ ਆਉਂਦੀ ਬਲਕਿ ਖੂਨਦਾਨ ਕਰਨ ਤੋਂ ਬਾਦ ਮਨੁੱਖ ਆਪਣੇ ਆਪ ਨੂੰ ਤਰੋਤਾਜਾ ਅਤੇ ਤੰਦਰੁਸਤ ਮਹਿਸੂਸ ਕਰਦਾ ਹੈ। ਉਹਨਾਂ ਦੱਸਿਆ ਕਿ 18 ਤੋਂ 65 ਸਾਲ ਦੀ ਉਮਰ ਦਾ ਹਰ ਤੰਦਰੁਸਤ ਵਿਅਕਤੀ, ਜਿਸਦਾ ਭਾਰ 45 ਕਿਲੋ ਤੋਂ ਉਪਰ ਹੈ, ਹਰ ਤਿੰਨ ਮਹੀਨਿਆਂ ਬਾਦ ਖੂਨਦਾਨ ਕਰ ਸਕਦਾ ਹੈ। ਇਸ ਲਈ ਸਾਨੂੰ ਕਦੇ ਵੀ ਮੌਕਾ ਮਿਲਣ ਤੇ ਖੂਨਦਾਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।

ਡਾ. ਸੁਮੀ ਗੁਪਤਾ ਨੇ ਦੱਸਿਆ ਕਿ ਖੂਨਦਾਨ ਕਰਨ ਨਾਲ 7 ਮਹੱਤਵਪੂਰਨ ਟੈਸਟ ਬਿਲਕੁਲ ਮੁਫਤ ਹੋ ਜਾਂਦੇ ਹਨ, ਇਸ ਲਈ ਸਾਲ ਵਿੱਚ ਦੋ ਵਾਰ ਸਾਨੂੰ ਆਪਣੇ ਟੈਸਟ ਕਰਵਾਉਣ ਦੇ ਮਕਸਦ ਨਾਲ ਹੀ ਖੂਨਦਾਨ ਕਰ ਦੇਣਾ ਚਾਹੀਦਾ ਹੈ। ਖੂਨਦਾਨ ਕੈਂਪ ਦੇ ਪ੍ਰਬੰਧਕ ਅਤੇ ਸਮਾਜ ਸੇਵੀ ਭਵਨਦੀਪ ਸਿੰਘ ਪੁਰਬਾ ਨੇ ਸਫਲ ਖੂਨਦਾਨ ਕੈਂਪ ਲਈ ਸਮੂਹ ਕਮੇਟੀ ਮੈਂਬਰਾਂ ਅਤੇ ਐਨ.ਜੀ.ਓ. ਮੈਂਬਰਾਂ ਨੂੰ ਵਧਾਈ ਦਿੰਦਿਆਂ ਸਮੂਹ ਖੂਨਦਾਨੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ 41 ਨੌਜਵਾਨਾਂ, ਮਰਦਾਂ ਅਤੇ ਔਰਤਾਂ ਨੇ ਖੂਨਦਾਨ ਕੀਤਾ। ਕਮੇਟੀ ਵੱਲੋਂ ਖੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਰੂਰਲ ਐਨ.ਜੀ.ਓ. ਮੋਗਾ ਦੇ ਪ੍ਰਧਾਨ ਦਵਿੰਦਰਜੀਤ ਗਿੱਲ, ਚੇਅਰਮੈਨ ਮਹਿੰਦਰ ਪਾਲ ਲੂੰਬਾ, ਸੁਖਦੇਵ ਸਿੰਘ ਬਰਾੜ, ਗੁਰਨਾਮ ਸਿੰਘ ਲਵਲੀ ਅਤੇ ਹਰਜਿੰਦਰ ਸਿੰਘ ਚੁਗਾਵਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।

ਇਸ ਮੌਕੇ ਸ. ਜਸਵੰਤ ਸਿੰਘ ਲੋਹਾਰਾ, ਸ. ਗੁਰਮੇਲ ਸਿੰਘ ਪੁਰਬਾ, ਸਤਨਾਮ ਸਿੰਘ ਲੋਹਾਰਾ, ਬੇਅੰਤ ਸਿੰਘ ਲੋਹਾਰਾ, ਮਨਦੀਪ ਸਿੰਘ ਗਿੱਲ, ਬਖਤੌਰ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖਾ, ਮਨਮੋਹਨ ਸਿੰਘ ਚੀਮਾਂ, ਗੁਰਮੀਤ ਸਿੰਘ ਲੋਹਾਰਾ, ਹਰਮਨ ਸਿੰਘ ਲੋਹਾਰਾ, ਬਲਦੇਵ ਸਿੰਘ ਅਜਾਦ, ਮੈਡਮ ਭਾਗਵੰਤੀ ਪੁਰਬਾ, ਲੇਖਕ ਹਰਜੀਤ ਕੌਰ ਗਿੱਲ, ਜੁਗਰਾਜ ਸਿੰਘ, ਸਰਪੰਚ ਕਰਮਜੀਤ ਸਿੰਘ, ਸਾਬਕਾ ਸਰਪੰਚ ਕੇਵਲ ਸਿੰਘ, ਅਵਤਾਰ ਸਿੰਘ ਪੰਚ, ਮੱਲ ਸਿੰਘ ਪੰਚ, ਭਾਈ ਤਰਸੇਮ ਸਿੰਘ, ਬਲਵਿੰਦਰ ਸਿੰਘ ਸੰਘਾ, ਜੀਵਾ ਗਿੱਲ, ਗੁਰਨਾਮ ਸਿੰਘ ਜੌਹਲ, ਦਿਲਬਾਗ ਸਿੰਘ ਜੌਹਲ, ਲਖਵੀਰ ਸਿੰਘ ਜੌਹਲ, ਜਸਪਾਲ ਸਿੰਘ ਠੇਕੇਦਾਰ, ਗੁਰਮੁਖ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਪਤਵੰਤੇ ਅਤੇ ਖੂਨਦਾਨੀ ਵੀਰ ਅਤੇ ਭੈਣਾਂ ਹਾਜਰ ਸਨ।

ਜਸਟਿਸ ਮਹਿਤਾਬ ਸਿੰਘ ਗਿੱਲ ਦੇ ਵਿਜੀਲੈਂਸ ਪੰਜਾਬ ਦੇ ਚੈਅਰਮੈਨ ਲੱਗਣ ਤੇ ਉਨ੍ਹਾਂ ਦੇ ਜੱਦੀ ਪਿੰਡ ਵਾਸੀਆਂ ਨੇ ਲੱਡੂ ਵੰਡੇ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ

ਜਸਟਿਸ ਮਹਿਤਾਬ ਗਿੱਲ ਦੀ ਬਦੌਲਤ ਪਿੰਡ ਵਾਸੀਆਂ ਦਾ ਸਿਰ ਹੋਰ ਉੱਚਾ ਹੋਇਆ -ਬਾਬਾ ਗੁਰਦੀਪ ਸਿੰਘ ਚੰਦਪੁਰਾਣਾ

ਬਾਘਾਪੁਰਾਣਾ/ 12 ਅਪ੍ਰੈਲ 2021/ ਭਵਨਦੀਪ ਸਿੰਘ ਪੁਰਬਾ

ਮੋਗਾ ਜ਼ਿਲ੍ਹੇ ਦੀ ਸ਼ਾਨ ਅਤੇ ਵੱਖ ਵੱਖ ਅਹੁਦਿਆਂ ਤੇ ਰਹੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਮਹਿਤਾਬ ਸਿੰਘ ਗਿੱਲ ਦੇ ਨਵੇਂ ਨਿਯੁਕਤ ਅਹੁਦੇ ਚੇਅਰਮੈਨ ਵਿਜੀਲੈਂਸ ਪੰਜਾਬ ਲਗਨ ਤੇ ਅੱਜ ਸਮੁੱਚੇ ਬੀੜ ਵਾਸੀਆਂ ਨੇ ਸੁਰਜੀਤ ਸਿੰਘ ਗਿੱਲ ਦੇ ਗ੍ਰਹਿ ਵਿਖੇ ਲਖਵਿੰਦਰ ਸਿੰਘ ਬੀੜ ਚੜਿੱਕ ਦੇ ਉੱਦਮ ਸਦਕਾ ਸਤਿਕਾਰ ਯੋਗ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਦੀ ਰਹਿਨੁਮਾਈ ਹੇਠ ਖੁਸ਼ੀ ਵਿੱਚ ਲੰਡੂ ਵੰਡੇ ਅਤੇ ਇੰਦਰਜੀਤ ਸਿੰਘ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ ਜੋ ਕਿ ਉਨ੍ਹਾਂ ਦੇ ਛੋਟੇ ਭਰਾ ਵਾਂਗ ਹਨ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।

ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਸਮੂਹ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਇੰਦਰਜੀਤ ਸਿੰਘ ਚੇਅਰਮੈਨ ਨੇ ਕਿਹਾ ਕਿ ਇਹ ਮਹਿਤਾਬ ਗਿੱਲ ਜੀ ਦੀ ਇਮਾਨਦਾਰੀ ਦਾ ਸਿੱਟਾ ਹੈ ਇਸ ਕਰਕੇ ਹੀ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਏਨੀ ਵੱਡੀ ਜ਼ਿੰਮੇਵਾਰੀ ਦਿੱਤੀ ਹੈ।

ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚ ਲੱਕੀ ਸਰਪੰਚ, ਜਨਕ ਸਿੰਘ ਮੈਨੇਜਰ, ਸੁਖਵਿੰਦਰ ਸਿੰਘ ਸੈਕਟਰੀ, ਹਰਜੀਤ ਸਿੰਘ, ਬਿੱਟੂ ਸਰਪੰਚ, ਕਰਮਜੀਤ ਸਿੰਘ ਸਰਪੰਚ, ਗੁਰਜੀਤ ਸਿੰਘ ਗਰੇਵਾਲ, ਬਲਵਿੰਦਰ ਸਿੰਘ, ਦਲਜੀਤ ਸਿੰਘ, ਗੁਰਮੇਲ ਸਿੰਘ ਗੋਧੇਵਾਲਾ, ਬੂਟਾ ਸਿੰਘ, ਗੋਲਡੀ ਚੜਿੱਕ, ਇਕਬਾਲ ਸਿੰਘ ਚੜਿੱਕ, ਜਸਵੰਤ ਸਿੰਘ ਕਾਲੇਕੇ, ਨਵੀਂ ਮੈਂਬਰ ਪੰਚਾਇਤ, ਬਾਬਾ ਕਾਲਾ ਸਿੰਘ, ਨਿਰਵੈਰ ਸਿੰਘ, ਸਿੱਬਲ ਸਿੰਘ, ਲਜਪ੍ਰੀਤ ਸਿੰਘ ਬੀੜ, ਜਸ਼ਨਪ੍ਰੀਤ ਸਿੰਘ, ਸੋਨਾ ਬਾਘਾਪੁਰਾਣਾ, ਬਿੰਦਰ ਸਿੰਘ, ਨਿਰਮਲ ਸਿੰਘ ਡੈਅਰੀਵਾਲਾ, ਦੀਪਾ ਸਿੰਘ, ਦਰਸ਼ਨ ਸਿੰਘ ਮੋਗਾ, ਕਰਮਾ ਸਿੰਘ, ਸਭਾ ਗਰੇਵਾਲ, ਜਸਵਿੰਦਰ ਸਿੰਘ, ਹਰਿੰਦਰਜੀਤ ਸਿੰਘ, ਬਿੰਦਰ ਸਿੰਘ ਮਟਵਾਣੀ, ਕਾਹਨ ਸਿੰਘ ਠੱਠੀ ਭਾਈ, ਬਿੱਲੂ ਸਿੰਘ ਸਮੇਤ ਆਏ ਸਾਰਿਆਂ ਨੂੰ ਦੀ ਆਇਆਂ ਆਖਿਆ ਅਤੇ ਸੰਗਤਾਂ ਨੂੰ ਚਾਹ ਸਮੋਸੇ ਮਠਿਆਈਆਂ ਵੰਡੀਆਂ ਗਈਆਂ। ਇਸ ਮੌਕੇ ਲਖਵਿੰਦਰ ਸਿੰਘ ਨੇ ਸਭਨਾਂ ਦਾ ਘਰ ਆਉਣ ਤੇ ਧੰਨਵਾਦ ਕੀਤਾ।

ਅਸੀਂ ਕਿਸਾਨ ਸੰਘਰਸ਼ ਦਾ ਸਮਰਥਨ ਕਰਦੇ ਹਾਂ।

... ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨੋਂ ਕਿਸਾਨ ਵਿਰੋਧੀ ਆਰਡੀਨੈਂਸ ਵਾਪਸ ਲਵੋ!

ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ

. .. ... Surinder Toor

TANGRI INSURANCE & Financial Group Inc.

A Lifetime commitment
.... to you

ਤੁਸੀ ਕੈਨੇਡਾ ਆਉਣ ਤੋਂ ਪਹਿਲਾ ਹੀ ਫੋਨ ਰਾਹੀਂ ਵੀ ਇੰਨਸੋਰੈਂਸ ਕਰਵਾ ਸਕਦੇ ਹੋ।

7370 Bramalea Rd. Unit #17
Mississauga Ontario L5S 1N6
Bus. 905-896-1576
E-mail: surindertoor129@gmail.com
Tel: (905) 405-1200
Fax:(905) 405 1299

TANGRI INSURANCE & Financial Group can serve your needs in the following areas:

* Retirement & Estate Planing * Seg. Funds * Group Plans * Life Insurance
* Health & Dental * Executive Compensation Plan * Mortagage Insurance * RRSP 'S
* Registred Education Saving Plan * Visitor Medical Insurance * Disability